# ਪਾਣੀ

(ਜਥਾ ਇਕ ਖੁਲ੍ਹੀ ਥਾਂ 'ਤੇ ਪੁੱਜਦਾ ਹੈ ਤੇ ਢੋਲਕ ਵਾਲਾ ਬੈਠਕੇ ਢੋਲਕ ਦੀ ਥਾਪ ਵਜਾਉਂਦਾ ਹੈ। ਲੋਕ ਹੌਲੇ ਹੌਲੇ ਇਕੱਠੇ ਹੋਣੇ ਸ਼ੁਰੂ ਹੋ ਜਾਂਦੇ ਹਨ। ਕਲਾਕਾਰ ਉਸੇ ਲੈਅ ਵਿਚ 'ਪਾਣੀ' 'ਪਾਣੀ' ਬੋਲਦੇ ਚੱਕਰ ਲਗਾਉਂਦੇ ਹਨ ਤਾਂ ਲੋਕਾਂ ਦਾ ਇਕ ਦਾਇਰਾ ਬਣ ਜਾਂਦਾ ਹੈ। ਜਿਨ੍ਹਾਂ ਚਿਰ ਇਹ ਦਾਇਰਾ ਬਣ ਜਾਂਦਾ ਹੈ। ਜਿਨ੍ਹਾਂ ਚਿਰ ਇਹ ਦਾਇਰਾ ਮੁਕੱਮਲ ਹੁੰਦਾ, ਕਲਾਕਾਰ ਇਕ ਚੱਕਰ ਵਿਚ ਘੁੰਮਦੇ ਰਹਿੰਦੇ ਹਨ। ਚਾਰ ਕਲਾਕਾਰ ਪਿੜ ਦੇ ਸੈਂਟਰ ਵਿਚ ਆਪਣੀ-ਆਪਣੀ ਪੁਜੀਸ਼ਨ ਲੈ ਲੈਂਦੇ ਹਨ ਤੇ ਵੱਖੋ-ਵੱਖ ਕੰਪੋਜੀਸ਼ਨਾਂ ਬਣਾਉਂਦੇ ਹੋਏ ਹੇਠ ਲਿਖਿਆ ਗੀਤ ਬੋਲਦੇ ਹਨ, ਇਕ ਉੱਚੀ ਆਵਾਜ਼ ਵਿਚ ਗੀਤ ਦੇ ਪਹਿਲੇ ਬੋਲ ਬੋਲਦਾ ਹੈ, ਦੂਜੇ ਸਿਰਫ ਸ਼ਬਦ 'ਪਾਣੀ' ਦੁਹਰਾਉਂਦੇ ਹਨ।)

ਗੀਤ : ਪਾਣੀ -ਪਾਣੀ -ਪਾਣੀ
ਪਾਣੀ -ਪਾਣੀ -ਪਾਣੀ
ਜੀਵਨ ਦਾ ਅਧਾਰ ਹੈ -ਪਾਣੀ
ਜੀਵਨ ਦੀ ਬੁਨਿਆਦ ਹੈ -ਪਾਣੀ
ਜੀਵਨ ਦਾ ਵਰਦਾਨ ਹੈ -ਪਾਣੀ
-ਪਾਣੀ -ਪਾਣੀ -ਪਾਣੀ
-ਪਾਣੀ -ਪਾਣੀ -ਪਾਣੀ
ਮਰਦਾ ਬੰਦਾ ਮੰਗਦਾ -ਪਾਣੀ
ਜੀਂਦਾ ਬੰਦਾ ਮੰਗਦਾ -ਪਾਣੀ
ਪਿਆਸਾ ਬੰਦਾ ਮੰਗਦਾ -ਪਾਣੀ
-ਪਾਣੀ -ਪਾਣੀ -ਪਾਣੀ
-ਪਾਣੀ -ਪਾਣੀ -ਪਾਣੀ
ਪਾਣੀ ਖਾਤਰ ਮੁਲਕ ਹਨ ਲੜਦੇ -ਪਾਣੀ
ਪਾਣੀ ਖਾਤਰ ਜੰਗ ਹਨ ਕਰਦੇ -ਪਾਣੀ
ਹਰਿਆਣਾ ਆਖੇ ਹੈ ਮੇਰਾ -ਪਾਣੀ
ਪੰਜਾਬ ਆਖੇ ਹੈ ਮੇਰਾ -ਪਾਣੀ

ਪਾਣੀ ਖਾਤਰ ਭਰਾ ਹਨ ਲੜਦੇ -ਪਾਣੀ
ਪਾਣੀ ਖਾਤਰ ਦੁਸ਼ਮਣ ਹਨ ਬਣਦੇ -ਪਾਣੀ
ਇਕ ਦੂਜੇ ਨੂੰ ਫੱਟੜ ਹਨ ਕਰਦੇ -ਪਾਣੀ
ਫੱਟੜ ਹੋਕੇ ਜਦ ਉਹ ਹਨ ਡਿਗਦੇ -ਪਾਣੀ
ਤੜਪ ਤੜਪ ਕੇ ਉਹ ਹਨ ਮੰਗਦੇ -ਪਾਣੀ
ਦੇਂਦਾ ਭਾਈ ਘਨੑਈਆ ਸਭ ਨੂੰ -ਪਾਣੀ
ਗੁਰੂ ਕੇ ਬੋਲ ਪੁਗਾਉਂਦਾ -ਪਾਣੀ
-ਪਾਣੀ -ਪਾਣੀ -ਪਾਣੀ
-ਪਾਣੀ -ਪਾਣੀ -ਪਾਣੀ
ਮੂਰਖ ਲੋਕ ਹਨ ਵੰਡਦੇ ਪਾਣੀ -ਪਾਣੀ
ਨਾਮ ਪਾਣੀ ਦਾ ਭੰਡਦੇ ਪਾਣੀ -ਪਾਣੀ
ਇਕ ਆਖੇ ਇਹ ਹਿੰਦੂ ਪਾਣੀ -ਪਾਣੀ
ਦੂਜਾ ਆਖੇ ਇਹ ਮੁਸਲਿਮ ਪਾਣੀ -ਪਾਣੀ
ਤੀਜਾ ਆਖੇ ਹੈ ਇਹ ਸਿੱਖ ਪਾਣੀ -ਪਾਣੀ
ਚੌਥਾ ਆਖੇ ਇਹ ਇਸਾਈ ਪਾਣੀ -ਪਾਣੀ
ਹਿੰਦੂ ਮੁਸਲਿਮ ਸਿੱਖ ਇਸਾਈ -ਪਾਣੀ
ਹਰੀਜਨ ਛੀਂਬਾ ਜੱਟ ਤੇ ਨਾਈ -ਪਾਣੀ
ਚਾਚਾ ਚਾਚੀ ਤਾਇਆ ਤਾਈ -ਪਾਣੀ
ਧਰਮਾਂ ਵਿਚ ਜੋ ਵੰਡਦਾ ਪਾਣੀ -ਪਾਣੀ
ਜਾਤਾਂ ਵਿਚ ਜੋ ਵੰਡਦਾ ਪਾਣੀ -ਪਾਣੀ
ਰਿਸ਼ਤਿਆਂ ਵਿਚ ਜੋ ਵੰਡਦਾ ਪਾਣੀ -ਪਾਣੀ
ਪਾਣੀ ਫਿਰ ਨਾ ਰਹਿੰਦਾ ਪਾਣੀ -ਪਾਣੀ
ਪਾਣੀ ਉਹ ਜੋ ਸਭ ਦਾ ਸਾਂਝਾ -ਪਾਣੀ
ਪਾਣੀ ਉਹ ਜੋ ਸਭ ਦਾ ਰਾਖਾ -ਪਾਣੀ
-ਪਾਣੀ -ਪਾਣੀ -ਪਾਣੀ
-ਪਾਣੀ -ਪਾਣੀ -ਪਾਣੀ
ਜੀਂਦਾ ਬੰਦਾ ਮੰਗਦਾ -ਪਾਣੀ
ਮਰਦਾ ਬੰਦਾ ਮੰਗਦਾ -ਪਾਣੀ
ਜੀਵਨ ਦਾ ਆਧਾਰ ਹੈ -ਪਾਣੀ
ਜੀਵਨ ਦੀ ਬੁਨਿਆਦ ਹੈ -ਪਾਣੀ
ਜੀਵਨ ਦਾ ਵਰਦਾਨ ਹੈ -ਪਾਣੀ
-ਪਾਣੀ -ਪਾਣੀ -ਪਾਣੀ

-ਪਾਣੀ -ਪਾਣੀ -ਪਾਣੀ
ਦਰਿਆਵਾਂ ਵਿਚ ਜੋ ਵਗਦਾ ਪਾਣੀ -ਪਾਣੀ
ਡੈਮਾਂ ਉੱਤੇ ਰੁਕਦਾ ਪਾਣੀ -ਪਾਣੀ
ਝੀਲ ਤੇ ਸਾਗਰ ਬਣਦਾ ਪਾਣੀ -ਪਾਣੀ
ਉੱਤਿਓਂ ਥੱਲੇ ਆਉਂਦਾ ਪਾਣੀ -ਪਾਣੀ
ਤੇਜ਼ ਚੱਕੀਆਂ ਘੁੰਮਾਉਂਦਾ ਪਾਣੀ -ਪਾਣੀ
ਬਿਜਲੀ ਇੰਜ ਬਣਾਉਂਦਾ ਪਾਣੀ -ਪਾਣੀ
ਬਿਜਲੀ ਦਾ ਸਿਰਜਨਹਾਰ ਹੈ ਪਾਣੀ -ਪਾਣੀ
ਸ਼ਕਤੀ ਦਾ ਭੰਡਾਰ ਹੈ ਪਾਣੀ -ਪਾਣੀ
ਖੇਤਾਂ ਦਾ ਆਧਾਰ ਹੈ ਪਾਣੀ -ਪਾਣੀ
ਉਦਯੋਗਾਂ ਦੀ ਬੁਨਿਆਦ ਹੈ ਪਾਣੀ -ਪਾਣੀ
-ਪਾਣੀ -ਪਾਣੀ -ਪਾਣੀ
-ਪਾਣੀ -ਪਾਣੀ -ਪਾਣੀ
ਜੀਂਦਾ ਬੰਦਾ ਮੰਗਦਾ -ਪਾਣੀ
ਮਰਦਾ ਬੰਦਾ ਮੰਗਦਾ -ਪਾਣੀ
ਜੀਵਨ ਦਾ ਆਧਾਰ ਹੈ -ਪਾਣੀ
ਜੀਵਨ ਦੀ ਬੁਨਿਆਦ ਹੈ -ਪਾਣੀ
ਜੀਵਨ ਦਾ ਵਰਦਾਨ ਹੈ -ਪਾਣੀ
-ਪਾਣੀ -ਪਾਣੀ -ਪਾਣੀ
-ਪਾਣੀ -ਪਾਣੀ -ਪਾਣੀ
ਪਾਣੀ ਦਾ ਜਥਾ ਆਇਆ ਹੈ ਭਾਈ
ਪਾਣੀ ਦੀ ਕਥਾ ਲਿਆਇਆ ਹੈ ਭਾਈ
ਕਥਾ ਅਸੀਂ ਪੇਸ਼ ਹਾਂ ਕਰਦੇ -ਪਾਣੀ
ਨਾਟਕ ਵਿਚ ਪਰਵੇਸ਼ ਹਾਂ ਕਰਦੇ -ਪਾਣੀ
-ਪਾਣੀ -ਪਾਣੀ -ਪਾਣੀ
-ਪਾਣੀ -ਪਾਣੀ -ਪਾਣੀ

*(ਐਕਸ਼ਨ ਗੀਤ ਕਰਦੇ ਚਾਰ ਪਾਤਰਾਂ ਵਿਚੋਂ ਇਕ ਤੇ ਦੋ ਪਾਤਰ ਸੂਤਰਧਾਰ ਬਣ ਜਾਂਦੇ ਹਨ, ਜਦੋਂ ਕਿ ਤਿੰਨ ਅਤੇ ਚਾਰ ਸੂਤਰਧਾਰ ਦੀ ਕਮੈਂਟਰੀ ਦੇ ਅਨੁਸਾਰ ਐਕਸ਼ਨ ਕਰਦੇ ਜਾਂਦੇ ਹਨ।)*

1 : ਇਹ ਇਕ ਸੜਕ ਹੈ
2 : ਜਿਥੇ ਕਾਰਾਂ ਚਲਦੀਆਂ ਹਨ
3 : ਜਿਥੇ ਸਕੂਟਰ ਚਲਦੇ ਹਨ

4 : ਜਿਸ ਤਰ੍ਹਾਂ ਕਿ ਹਰ ਸੜਕ ’ਤੇ ਚਲਦੇ ਹਨ
1 : ਟਰੈਫਿਕ ਤੇਜ਼ ਹੈ
2 : ਐਕਸੀਡੈਂਟ ਦਾ ਖਤਰਾ ਹੈ
3 : ਐਕਸੀਡੈਂਟ ਦਾ ਖਤਰਾ ਹੀ ਨਹੀਂ
4 : ਇਕ ਐਕਸੀਡੈਂਟ ਹੋ ਗਿਆ ਹੈ
1 : ਇਸ ਐਕਸੀਡੈਂਟ ਦੀ ਕਹਾਣੀ ਸੁਣਾਉਂਦੇ ਹਾਂ
2 : ਇਹ ਸੱਚੀ ਕਹਾਣੀ ਹੈ
3 : ਭਾਵੇਂ ਹਰ ਗੱਪੀ ਗੱਪ ਸੁਨਾਉਣ ਲਗਿਆਂ ਕਹਿੰਦਾ ਹੈ
4 : ਕਿ ਇਹ ਸੱਚੀ ਕਹਾਣੀ ਹੈ
1 : ਪਰ ਸਾਡੀ ਕਹਾਣੀ ਵਾਕਈ ਸੱਚੀ ਹੈ
2 : ਮਨਮੋਹਣ ਸ਼ਰਮਾ ਆਪਣੀ ਸਕੂਟਰੀ ’ਤੇ ਜਾ ਰਿਹਾ ਸੀ
3 : 44 ਸੈਕਟਰ ਦੇ ਮੋੜ ’ਤੇ ਉਹਦਾ ਟਾਇਰ ਫਟ ਗਿਆ
4 : ਇਕ ਧਮਾਕਾ ਹੋਇਆ
1 : ਮਨਮੋਹਣ ਸ਼ਰਮਾ ਸੜਕ ’ਤੇ ਡਿੱਗ ਗਿਆ
2 : ਮਨਮੋਹਣ ਸ਼ਰਮਾ ਬੇਹੋਸ਼ ਹੋ ਗਿਆ
3 : ਕੋਈ ਡਰਦਾ ਨੇੜੇ ਨਾ ਆਏ
4 : ਹਰ ਕੋਈ ਸੋਚੇ ਕਿ ਕੋਈ ਅਤੰਕਵਾਦੀ ਬੰਬ ਲਿਜਾ ਰਿਹਾ ਸੀ ਕਿ ਬੰਬ ਫੱਟ ਗਿਆ
1 : ਮਨਮੋਹਣ ਸ਼ਰਮਾ ਬੇਹੋਸ਼ ਪਿਆ ਹੈ
2 : ਕੁਝ ਪਲ ਲੰਘ ਗਏ
3 : ਇਕ ਕੋਲੋਂ ਦੀ ਲੰਘਿਆ– ਉਹਨੇ ਕਿਹਾ
4 : ਉਹਨੂੰ ਮਨਮੋਹਣ ਸ਼ਰਮਾ ਦੀ ਪਛਾਣ ਸੀ
1 : ਭਾਵੇਂ ਇਹ ਕੋਈ ਵੀ ਹੈ
2 : ਪਰ ਇਨਸਾਨ ਹੀ ਹੈ
3 : ਇਹਨੂੰ ਹੋਸ਼ ਵਿਚ ਲਿਆਓ
4 : ਹੁਣ ਪਾਣੀ ਕਿਥੋਂ ਆਵੇ ?
1 : ਇਹਦੇ ਮੂੰਹ ਵਿਚ ਪਾਣੀ ਪਾਓ
2 : ਇਕ ਭਾਈ ਸਾਹਿਬ ਕੋਲ ਥਰਮਸ ਸੀ
3 : ਪਰ ਉਹਦੇ ਵਿਚ ਪਾਣੀ ਕੋਈ ਨਹੀਂ ਸੀ
4 : ਪਰ ਕੋਸ਼ਿਸ ਕਰਨ ’ਤੇ ਕੁਝ ਬੂੰਦਾ ਨਿਕਲ ਆਈਆਂ
1 : ਮਨਮੋਹਣ ਸ਼ਰਮਾ ਨੂੰ ਸੜਕ ਦੇ ਕਿਨਾਰੇ ਲਿਆਂਦਾ ਗਿਆ

*(3 ਇਕ ਪਾਤਰ 4 ਨੂੰ ਚੁੱਕਕੇ ਲਿਆਉਂਦਾ ਹੈ।)*

2 : ਉਹਦੇ ਮੂੰਹ ਵਿਚ ਪਾਣੀ ਦੀਆਂ ਦੋ ਬੂੰਦਾਂ ਸੁੱਟੀਆਂ
3 : ਮਨਮੋਹਣ ਸ਼ਰਮਾ ਨੂੰ ਹੋਸ਼ ਆ ਗਈ
4 : ਉਹਨੇ ਹੌਲੇ ਜਿਹੇ ਦੱਸਿਆ ਕਿ ਉਹ ਮਨਮੋਹਣ ਸ਼ਰਮਾ ਹੈ
1 : 44 ਸੈਕਟਰ 1728 ਵਿਚ ਰਹਿੰਦਾ ਹੈ
2 : ਲੋਕਾਂ ਨੂੰ ਹੌਂਸਲਾ ਹੋਇਆ
3 : ਇਕ ਨੇ ਲੰਘਦੀ ਕਾਰ ਵਿਚ ਬਿਠਾਇਆ ਤੇ ਹਸਪਤਾਲ ਪੁਚਾਇਆ
4 : ਦੂਜੇ ਨੇ ਸਕੂਟਰ ਘਰ ਵੱਲ ਦੁੜਾਇਆ
1 : ਮਨਮੋਹਣ ਸ਼ਰਮਾ ਬਚ ਗਿਆ ਹੈ, ਬੀਵੀ ਖੁਸ਼ ਹੈ
2 : ਹੁਣ ਉਹ ਹਸਪਤਾਲੋਂ ਮੁੜ ਆਇਆ ਹੈ, ਬੱਚੇ ਖੁਸ਼ ਹਨ
3 : ਇਹ ਸਭ ਕੁਝ ਕਿਉਂ ਹੋਇਆ ਹੈ ?
4 : ਕਿਉਂਕਿ ਉਹਦੇ ਮੂੰਹ ਵਿਚ ਸਮੇਂ ਸਿਰ ਪਾਣੀ ਦੀ ਬੂੰਦ ਪੈ ਗਈ ਹੈ
1 : ਕੀ ਪਾਣੀ ਦੀ ਬੂੰਦ ਦੀ ਇਤਨੀ ਕੀਮਤ ਹੈ ?
2 : ਹਾਂ ਬਹੁਤ ਕੀਮਤ ਹੈ
3 : ਕੀ ਅਸੀਂ ਇਹ ਕੀਮਤ ਜਾਣਦੇ ਹਾਂ ?
4 : ਸ਼ਾਇਦ ਨਹੀਂ
1 : ਜੇ ਜਾਣਦੇ ਹੁੰਦੇ ਤਾਂ ਅਸੀਂ ਇਹ ਵੇਖਦੇ ਕਿ ਪਾਣੀ ਦਾ ਕੋਈ ਨਲਕਾ ਐਵੇਂ ਨਹੀਂ ਚੱਲਦਾ
2 : ਕੋਈ ਟੂਟੀ ਐਵੇਂ ਨਹੀਂ ਖੁਲੀ ਰਹਿੰਦੀ
3 : ਪਾਣੀ ਸਾਡੀ ਜਿੰਦ ਹੈ
4 : ਪਾਣੀ ਸਾਡੀ ਜਾਨ ਹੈ
1 : ਜਾਨ ਹੈ ਤਾਂ ਜਹਾਨ ਹੈ
2 : ਇਹ ਪੰਜਾਬੀ ਦਾ ਅਖਾਣ ਹੈ
3 : ਤੇ ਇਸੇ ਲਈ ਕਹਿੰਦੇ ਹਾਂ

-ਪਾਣੀ -ਪਾਣੀ -ਪਾਣੀ
-ਪਾਣੀ -ਪਾਣੀ -ਪਾਣੀ
ਜੀਂਦਾ ਬੰਦਾ ਮੰਗਦਾ -ਪਾਣੀ
ਮਰਦਾ ਬੰਦਾ ਮੰਗਦਾ -ਪਾਣੀ
ਜੀਵਨ ਦਾ ਆਧਾਰ ਹੈ -ਪਾਣੀ
ਜੀਵਨ ਦੀ ਬੁਨਿਆਦ ਹੈ -ਪਾਣੀ
ਜੀਵਨ ਦਾ ਵਰਦਾਨ ਹੈ -ਪਾਣੀ
-ਪਾਣੀ -ਪਾਣੀ -ਪਾਣੀ
-ਪਾਣੀ -ਪਾਣੀ -ਪਾਣੀ

ਸੂਤਰਧਾਰ 4 : ਡੱਬਾ ਚੁੱਕਦੇ ਬਾਥਰੂਮ ਵੱਲ ਜਾ ਰਿਹਾ ਹੈ

1 : ਕੀ ਵਿਚਾਰ ਹੈ ਤੁਹਾਡਾ ਇਹ ਬੰਦੇ ਬਾਰੇ ?

2 : ਇਹ ਡੱਬਾ ਚੁੱਕੀ ਕਿੱਧਰ ਜਾ ਰਿਹਾ ਹੈ ?

3 : ਏਹ ਭਾਈ ਸਾਹਿਬ ਗੱਲ ਸੁਣੋ

1 : ਪਰ ਇਹ ਠਹਿਰ ਨਹੀਂ ਸਕਦਾ

2 : ਪਰ ਕਿਉਂ ?

3 : ਇਹਦੇ ਪੇਟ ਵਿਚ ਗੜਬੜ ਹੈ

1 : ਇਹਦੇ ਪੇਟ ਵਿਚ ਗੁੜਗੁੜ ਹੈ ?

2 : ਜੇ ਤੁਸੀਂ ਇਹਨੂੰ ਰੋਕੋਗੇ

3 : ਤਾਂ ਇਹਦੇ 'ਤੇ ਜ਼ੁਲਮ ਕਰੋਗੇ

1 : ਪਰ ਇਹ ਗੜਬੜ ਮੇਰਾ ਮਤਲਬ ਇਹ ਗੁੜ ਗੁੜ ਕਿਉਂ ਹੈ ?

2 : ਇਹਨੇ ਕਿਸੇ ਖੂਹ 'ਚੋਂ ਪਾਣੀ ਪੀਤਾ ਸੀ

3 : ਉਹ ਪਾਣੀ ਠੀਕ ਨਹੀਂ ਸੀ

1 : ਪਾਣੀ ਵਿਚ ਜਰਾਸੀਮ ਸਨ

2 : ਪਾਣੀ ਵਿਚ ਕੀਟਾਣੂ ਸਨ

3 : ਇਹਨੂੰ ਕਿਹਾ ਗਿਆ ਸੀ ਕਿ ਇਹ ਖੂਹ ਦਾ ਪਾਣੀ ਪੀਣ ਦੇ ਯੋਗ ਨਹੀਂ

1 : ਜੇ ਪੀਣਾ ਵੀ ਹੈ ਤਾਂ ਉਬਾਲਕੇ ਪੀਤਾ ਜਾਏ

2 : ਪਰ ਇਹਨੇ ਪਰਵਾਹ ਨਹੀਂ ਕੀਤੀ

3 : ਇਹਨੇ ਸੋਚਿਆ ਕਿ ਪਾਣੀ ਹੀ ਹੈ

1 : ਭਾਵੇਂ ਖੂਹ ਦਾ ਹੋਵੇ

2 : ਭਾਵੇਂ ਟੋਬੇ ਦਾ ਹੋਵੇ

3 : ਇਹ ਨਹੀਂ ਜਾਣਦਾ ਕਿ ਹਰ ਇਕ ਪਾਣੀ ਪੀਣ ਦੇ ਯੋਗ ਨਹੀਂ ਹੁੰਦਾ

1 : ਤੇ ਇਸੇ ਕਰਕੇ ਹਰ ਅੱਧੇ ਘੰਟੇ ਬਾਅਦ ਡੱਬਾ ਚੁੱਕੀ ਨੱਸ ਰਿਹਾ ਹੈ

2 : ਪਰ ਭਾਈ ਸਾਹਿਬ ਤੁਸੀਂ ਕਹਿਣਾ ਕੀ ਚਾਹੁੰਦੇ ਹੋ ?

3 : ਪਾਣੀ ਪੀਓ ਤਾਂ ਸਾਫ ਪੀਓ

1 : ਜਿਸ ਪਾਣੀ ਬਾਰੇ ਸ਼ੱਕ ਹੈ, ਉਹ ਉਬਾਲਕੇ ਪੀਓ

2 : ਉਬਾਲ ਨਹੀਂ ਸਕਦੇ ਤਾਂ ਲਾਲ ਦਵਾਈ ਦੀ ਵਰਤੋਂ ਕਰੋ

3 : ਲਾਲ ਦਵਾਈ ਦਾ ਰਸਾਇਣਕ ਨਾਂ ਪੁਟਾਸ਼ੀਅਮ ਪਰਮੈਗਨੈਟ ਹੈ

1 : ਇਹ ਹਲਕਾ ਕਿਟਾਣੂ ਨਾਸ਼ਕ ਹੈ

2 : ਇਹ ਪਾਣੀ ਵਾਲੇ ਕਿਟਾਣੂਆਂ ਨੂੰ ਮਾਰਦਾ ਹੈ

3 : ਪਰ ਤੁਹਾਡੇ ਜਿਸਮ ਨੂੰ ਕੋਈ ਨੁਕਸਾਨ ਨਹੀਂ ਪੁਚਾਉਂਦਾ

1 : ਪਾਣੀ ਦਾ ਜਥਾ ਤੁਹਾਨੂੰ ਇਹੋ ਸਮਝਾਉਂਦਾ ਹੈ

2 : ਪਾਣੀ ਸਾਡੀ ਜਿੰਦ ਹੈ

3 : ਪਾਣੀ ਸਾਡੀ ਜਾਨ ਹੈ

1 : ਜਾਨ ਹੈ ਤਾਂ ਜਹਾਨ ਹੈ

2 : ਇਹ ਪੰਜਾਬੀ ਦਾ ਅਖਾਣ ਹੈ

3 : ਤੇ ਇਸ ਲਈ ਕਹਿੰਦੇ ਹਾਂ

-ਪਾਣੀ -ਪਾਣੀ -ਪਾਣੀ
-ਪਾਣੀ -ਪਾਣੀ -ਪਾਣੀ
ਜੀਂਦਾ ਬੰਦਾ ਮੰਗਦਾ -ਪਾਣੀ
ਮਰਦਾ ਬੰਦਾ ਮੰਗਦਾ -ਪਾਣੀ
ਜੀਵਨ ਦਾ ਆਧਾਰ ਹੈ -ਪਾਣੀ
ਜੀਵਨ ਦੀ ਬੁਨਿਆਦ ਹੈ -ਪਾਣੀ
ਜੀਵਨ ਦਾ ਵਰਦਾਨ ਹੈ -ਪਾਣੀ
-ਪਾਣੀ -ਪਾਣੀ -ਪਾਣੀ
-ਪਾਣੀ -ਪਾਣੀ -ਪਾਣੀ

*(ਸੂਤਰਧਾਰ-4 ਖੁਰਕੀ ਜਾਂਦਾ ਹੈ, ਬਾਕੀ ਤਿੰਨੇ ਪਾਤਰ ਉਹਦੇ ਵੱਲ ਵੇਖਦੇ ਹਨ।)*

1 : ਇਹ ਬੰਦਾ ਖੁਰਕੀ ਜਾਂਦਾ ਹੈ

2 : ਇਹਦੇ ਚਿਹਰੇ 'ਤੇ ਪਰੇਸ਼ਾਨੀ ਹੈ

3 : ਧੂੜ ਤੇ ਮਿੱਟੀ ਦੀ ਨਿਸ਼ਾਨੀ ਹੈ

1 : ਇਹ ਬੰਦਾ ਅੱਜ ਨਹਾਤਾ ਨਹੀਂ

2 : ਸੁਸਤੀ ਹੋਣਾ ਹੈ

3 : ਆਲਸੀ ਹੋਣਾ ਹੈ

4 : (ਚੀਕਕੇ) ਨਹੀਂ ਮੈਂ ਸੁਸਤੀ ਨਹੀਂ, ਆਲਸੀ ਨਹੀਂ ਪਰ ਇਹ ਸੱਚ ਹੈ ਕਿ ਮੈਂ ਅੱਜ ਨਹਾਤਾ ਨਹੀਂ।

1,2,3 : (ਇਕੱਠੇ) ਪਰ ਕਿਉਂ ?

4 : ਕਿਉਂਕਿ ਮੇਰਾ ਘਰ ਬਿਲਡਿੰਗ ਦੀ ਚੌਥੀ ਮੰਜ਼ਿਲ 'ਤੇ ਹੈ, ਉਥੇ ਪਾਣੀ ਪੁੱਜਦਾ ਨਹੀਂ।

1 : ਸੋ ਇਹ ਭਾਈ ਸਾਹਿਬ ਅੱਜ ਨਹਾਤੇ ਨਹੀਂ

2 : ਇਹ ਨਹਾਤੇ ਨਹੀਂ ਕਿਉਂਕਿ ਪਾਣੀ ਨਹੀਂ ਮਿਲਿਆ

3 : ਤੇ ਪਾਣੀ ਇਸ ਲਈ ਨਹੀਂ ਮਿਲਿਆ ਕਿਉਂਕਿ ਇਹ ਹਾਊਸਿੰਗ ਬੋਰਡ ਦੇ ਫੋਰ ਸਟੋਰੀ ਬਿਲਡਿੰਗ ਵਿਚ ਰਹਿੰਦੇ ਹਨ

1 : ਜਿਥੇ ਬਹੁਤਾ ਪਾਣੀ ਗਰਾਊਂਡ ਫਲੋਰ ਵਾਲੇ ਲੈ ਜਾਂਦੇ ਹਨ
2 : ਕੁਝ ਫਸਟ ਫਲੋਰ ਵਾਲੇ ਖਿੱਚ ਲੈਂਦੇ ਹਨ
3 : ਕੁਝ ਸੈਕੰੜ ਫਲੋਰ ਵਾਲੇ ਖਿੱਚ ਲੈਂਦੇ ਹਨ
1 : ਤੇ ਥਰਡ ਫਲੋਰ ਵਾਲੇ ਨਹਾਤੇ ਬਗੈਰ ਰਹਿ ਜਾਂਦੇ ਹਨ
2 : ਸਰਕਾਰ ਨੂੰ ਚਾਹੀਦਾ ਹੈ ਕਿ ਦੇਖੇ ਕਿ ਹਰ ਇਕ ਨੂੰ ਪੀਣ ਲਈ, ਨਹਾਉਣ ਲਈ ਪਾਣੀ ਮਿਲੇ
3 : ਜੇ ਪਾਣੀ ਨਾ ਮਿਲੇ ਤਾਂ ਬੰਦੇ ਦੀ ਹਾਲਤ ਇਹਨਾਂ ਭਾਈ ਸਾਹਿਬ ਵਾਂਗਰ ਹੋ ਜਾਂਦੀ ਹੈ
1 : ਜਿਨ੍ਹਾਂ ਦੀ ਚਿਹਰੇ ਦੀ ਹਾਲਤ ਫਿੱਟੇ ਮੂੰਹ ਵਰਗੀ ਹੈ।
4 : ਮੇਰੀ ਕਿਉਂ ਫਿੱਟੇ ਮੂੰਹ ਹੋਵੇ, ਫਿੱਟੇ ਮੂੰਹ ਹੋਏ ਉਹਦੀ ਜਿਹੜੀ ਆਪਣੇ ਲੋਕਾਂ ਨੂੰ ਪਾਣੀ ਨਹੀਂ ਦੇ ਸਕਦੀ।
1 : ਸੋ ਇਹ ਭਾਈ ਸਾਹਬ ਨਹਾ ਨਹੀਂ ਸਕੇ, ਏਸ ਲਈ ਪਰੇਸ਼ਾਨ ਹਨ
2 : ਇਨ੍ਹਾਂ ਦੀ ਪਰੇਸ਼ਾਨੀ ਦਸਦੀ ਹੈ ਕਿ ਪਾਣੀ ਦੀ ਸਾਡੀ ਜ਼ਿੰਦਗੀ ਵਿਚ ਕੀ ਕੀਮਤ ਹੈ
3 : ਪਾਣੀ ਵਿਚ ਸ਼ਕਤੀ ਹੈ ਕਿ ਤੁਹਾਡੀ ਜ਼ਿੰਦਗੀ ਨੂੰ ਸੁਖਾਵਾਂ ਬਣਾ ਸਕਦਾ ਹੈ
1 : ਤੁਹਾਡਾ ਥਕੇਵਾਂ ਦੂਰ ਕਰ ਸਕਦਾ ਹੈ
2 : ਤੁਹਾਡਾ ਕੰਮ ਲਈ ਉਤਸ਼ਾਹ ਬਣਾ ਸਕਦਾ ਹੈ
3 : ਤੁਹਾਨੂੰ ਚੁਸਤ ਤੇ ਐਕਟਿਵ ਬਣਾ ਸਕਦਾ ਹੈ
1 : ਇਸ ਲਈ ਗਰਾਊਂਡ ਫਲੋਰ ਵਾਲਿਆਂ ਦਾ ਫਰਜ਼ ਹੈ ਕਿ ਪਾਣੀ ਦਾ ਹਿੱਸਾ ਜ਼ਰੂਰਤ ਤੋਂ ਵੱਧ ਨਾ ਲੈਣ
2 : ਫਸਟ ਫਲੋਰ ਵਾਲਿਆਂ ਨੂੰ ਆਪਣੇ ਤੋਂ ਉਤਲੇ ਫਲੋਰ ਵਾਲਿਆਂ ਦਾ ਧਿਆਨ ਰਖਣਾ ਚਾਹੀਦਾ ਹੈ
3 : ਤੇ ਸੈਕੰਡ ਫਲੋਰ ਵਾਲਿਆਂ ਨੂੰ ਥਰਡ ਫਲੋਰ ਵਾਲਿਆਂ ਦਾ
1 : ਜੇ ਇਹ ਧਿਆਨ ਨਹੀਂ ਰੱਖਣਗੇ ਤਾਂ ਲੜਾਈ ਹੋਵੇਗੀ, ਝਗੜਾ ਹੋਵੇਗਾ
2 : ਸਿਰ ਪਾਟਣਗੇ
3 : ਪਾਟੇ ਹੋਏ ਸਿਰ ਵਾਲਾ ਡਿੱਗ ਜਾਏਗਾ ਤੇ ਡਿੱਗਕੇ ਮੰਗੇਗਾ
1,2 : ਪਾਣੀ
ਇਕੱਠੇ : -ਪਾਣੀ -ਪਾਣੀ -ਪਾਣੀ
ਪਾਣੀ -ਪਾਣੀ -ਪਾਣੀ
ਜੀਂਦਾ ਬੰਦਾ ਮੰਗਦਾ -ਪਾਣੀ

ਮਰਦਾ ਬੰਦਾ ਮੰਗਦਾ -ਪਾਣੀ
-ਪਾਣੀ -ਪਾਣੀ -ਪਾਣੀ
-ਪਾਣੀ -ਪਾਣੀ -ਪਾਣੀ
ਜੀਵਨ ਦਾ ਆਧਾਰ ਹੈ -ਪਾਣੀ
ਜੀਵਨ ਦੀ ਬੁਨਿਆਦ ਹੈ -ਪਾਣੀ
ਜੀਵਨ ਦਾ ਵਰਦਾਨ ਹੈ -ਪਾਣੀ
-ਪਾਣੀ -ਪਾਣੀ -ਪਾਣੀ
-ਪਾਣੀ -ਪਾਣੀ -ਪਾਣੀ

*(ਸਮਾਪਤ)*